Toppersnotes®
Unleash the topper in you

# Punjab

## ETT Cadre

Elementary Teacher Training (ETT)

(Paper A & Paper B)

ਭਾਗ - 1

SIERRA INNOVATIONS

# Index


| S.N. | Chapter Title | P.N. |
|---|---|---|
| 1. | ਵਾਯਾ ਅਤੇ ਵਿਕਾਸ | 1 |
| 2. | राजभाषा हिन्दी - संवैधानिक विकास | 52 |
| 3. | वर्णमाला | 59 |
| 4. | संज्ञा | 63 |
| 5. | सर्वनाम | 65 |
| 6. | विशेषण | 67 |
| 7. | क्रिया | 70 |
| 8. | अव्यय एवं अविकारी शब्द | 73 |
| 9. | विलोम शब्द | 77 |
| 10. | पर्यायवाची शब्द | 83 |
| 11. | तत्सम व तद्रव शब्द | 88 |
| 12. | उपसर्ग | 93 |
| 13. | प्रत्यय | 97 |
| 14. | अनेकार्थी शब्द | 102 |
| 15. | वाक्य शुद्धि | 106 |
| 16. | वर्तनी शुद्धि | 110 |
| 17. | मुहावरे | 115 |
| 18. | लोकोक्तियाँ | 123 |
| 19. | पंजाबी से हिंदी अनुवाद | 130 |
| 20. | Test - 1 (Classification of Numbers) | 138 |
| 21. | Test - 2 (Divisibility Rules) | 140 |
| 22. | Test - 3 (Number system) | 142 |
| 23. | Test - 4 (Arithmetic Progression) | 144 |
| 24. | Test - 5 (Probability) | 145 |
| 25. | Test - 6 (Statistic) | 147 |
| 26. | Test - 7 (Mensuration) | 149 |
| 27. | Test - 8 (Geometry) | 154 |
| 28. | Test - 9 (Algebra) | 156 |
| 29. | Test - 10 (Trigonometry) | 158 |

1

ਅਧਿਆਇ

# ਵਾਧਾ ਅਤੇ ਵਿਕਾਸ

## ਭਾਸ਼ਾ ਜਾਂ ਬੋਲੀ

ਭਾਸ਼ਾ ਜਾਂ ਬੋਲੀ ਇੱਕ ਅਜਿਹਾ ਸੰਚਾਰ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਵਿਚਾਰਾਂ ਜਾਂ ਮਨੋਭਾਵਾਂ ਨੂੰ ਦੂਸਰੇ ਮਨੁੱਖਾਂ ਨਾਲ ਸਾਂਝਾ ਕਰਦਾ ਹੈ।

ਭਾਸ਼ਾ ਦੋ ਪ੍ਰਕਾਰ ਦੀ ਹੁੰਦੀ ਹੈ:

1. ਆਮ ਬੋਲ-ਚਾਲ ਦੀ ਭਾਸ਼ਾ
2. ਸਾਹਿਤਕ ਜਾਂ ਟਕਸਾਲੀ ਭਾਸ਼ਾ (ਲਿਖਤੀ ਭਾਸ਼ਾ)

### ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

1. ਭਾਸ਼ਾ ਸੰਚਾਰ ਸਾਧਨ ਹੈ- ਭਾਸ਼ਾ ਸਵੈ- ਅਭਿਵਅਕਤੀ ਦਾ ਇਕ ਸੰਪੂਰਨ ਸਾਧਨ ਹੈ।
2. ਭਾਸ਼ਾ ਸੀਮਤ ਧੁਨੀਆਂ ਦਾ ਸਮੂਹ ਹੈ। ਇਹ ਸਾਰਥਕ ਧੁਨੀਆਂ ਹਨ। ਹਰ ਭਾਸ਼ਾ ਵਿਚ ਧੁਨੀਆਤਮਕ ਵਖਰੇਵਾਂ ਹੋ ਸਕਦਾ ਹੈ। ਭਾਸ਼ਾ ਸਮਾਜਿਕ ਰੂਪ ਵਿਚ ਆਪਸੀ ਸਮਝ ਦਾ ਪ੍ਰਬੰਧ ਹੈ।
3. ਭਾਸ਼ਾ ਅੰਤਰ-ਵਟਾਂਦਰਾ (Inter changeability) ਅਧਾਰਿਤ ਹੈ।
4. ਭਾਸ਼ਾ ਆਪਹੁਦਰਾ (Arbitrariness) ਚਿਹਨ ਪ੍ਰਬੰਧ ਹੈ। ਭਾਸ਼ਾ ਪ੍ਰਤੀਕਾਤਮਕ ਹੈ।
5. ਭਾਸ਼ਾ ਇਕ ਸਮਾਜਿਕ ਵਸਤੂ ਹੈ। ਭਾਸ਼ਾ ਅਤੇ ਸਮਾਜ ਇਕ ਦੂਜੇ ਉੱਤੇ ਨਿਰਭਰ ਹਨ।
6. ਭਾਸ਼ਾ ਪ੍ਰਬੰਧਾਂ ਦਾ ਪ੍ਰਬੰਧ ਹੈ। ਭਾਸ਼ਾਈ ਪ੍ਰਬੰਧ ਦੋ-ਪੱਖੀ ਹੈ। ਇਕ ਧੁਨੀ ਦੇ ਪੱਧਰ 'ਤੇ ਇਕ ਸ਼ਬਦ ਦੇ ਪੱਧਰ 'ਤੇ। ਇਸੇ ਨੂੰ ਭਾਸ਼ਾ ਦੀ ਦੁਪੱਖਤਾ (Duality) ਕਿਹਾ ਜਾਂਦਾ ਹੈ।
7. ਭਾਸ਼ਾ ਪਰਿਵਰਤਨਸ਼ੀਲ ਹੈ। ਭਾਸ਼ਾ ਵਿਕਾਸਸ਼ੀਲ ਹੈ।
8. ਭਾਸ਼ਾਈ ਪਰਿਵਰਤਨ ਬੇਮੁਹਾਰਾ ਨਹੀਂ ਹੁੰਦਾ ਬਲਕੀ ਵਿਸ਼ੇਸ਼ ਨਿਯਮਾਂ ਅਧੀਨ ਚਲਦਾ ਹੈ। ਪਰਿਵਰਤਨ ਦੀ ਦਿਸ਼ਾ ਔਖ ਤੋਂ ਸੌਖ ਵੱਲ ਹੁੰਦੀ ਹੈ।
9. ਭਾਸ਼ਾ ਦੀ ਇਕ ਵਿਸ਼ੇਸ਼ਤਾ ਉਤਪਾਦਕਤਾ ਜਾਂ ਸਿਰਜਨਾਤਮਕਤਾ (Productivity) ਹੈ।
10. ਮਨੁੱਖੀ ਭਾਸ਼ਾ ਵਿਸਥਾਪਿਤ (Displacement) ਹੋ ਸਕਦੀ ਹੈ। ਸਮੇਂ ਸਥਾਨ ਜਾਂ ਸਥਿਤੀ ਦੀ ਮੁਥਾਜ ਨਹੀਂ ਹੈ। ਭਾਸ਼ਾ ਬਿਰਤਾਂਤਿਕਤਾ, ਵਿਆਖਿਆਤਮਕਤਾ ਦੀ ਅਸੀਮ ਪਹੁੰਚ ਰੱਖਦੀ ਹੈ।
11. ਭਾਸ਼ਾ ਦੀ ਇਕ ਵਿਸ਼ੇਸ਼ਤਾ ਵਿਸ਼ੇਸ਼ੱਗਤਾ (Specialization) ਹੈ, ਭਾਵ ਭਾਸ਼ਾ ਦੀ ਵਰਤੋਂ ਕਰਦੇ ਹੋਏ ਤੁਸੀਂ ਹੋਰ ਕੰਮ ਵੀ ਕਰ ਸਕਦੇ ਹੋ ਇਹ ਨਹੀਂ ਕਿ ਤੁਸੀਂ ਭਾਸ਼ਾ ਦੀ ਵਰਤੋਂ ਕਰ ਰਹੇ ਹੋਵੋ ਅਤੇ ਹਥਲੇ ਕੰਮ ਤੁਹਾਨੂੰ ਛੱਡਣੇ ਪੈਣ।
12. ਪਰਿਵਰਤਨ ਭਾਸ਼ਾ ਦੇ ਹਰੇਕ ਅੰਗ ਵਿਚ ਵਾਪਰਦਾ ਹੈ। ਧੁਨੀ, ਸ਼ਬਦ, ਅਰਥ, ਵਾਕ ਆਦਿ।
13. ਭਾਸ਼ਾ ਮਨੁੱਖੀ ਭਾਵਾਂ ਦਾ ਧੁਨੀਆਤਮਕ ਪ੍ਰਗਟਾਵਾ ਹੈ।
14. ਭਾਸ਼ਾ ਇਕ ਜਟਿਲ ਸੰਰਚਨਾ ਹੈ।
15. ਭਾਸ਼ਾ ਸਮਾਜਿਕ ਵਰਤਾਰੇ ਦਾ ਇਕ ਰੂਪ ਹੈ।
16. ਭਾਸ਼ਾ ਸੱਭਿਆਚਾਰਕ ਉਚਾਰ ਪ੍ਰਬੰਧ ਹੈ। ਸੱਭਿਆਚਾਰਕ ਸੰਚਾਰਨ (Cultural transmission) ਹੈ।

Unleash the topper in you

# ਪੰਜਾਬੀ ਵਿਆਕਰਨ

ਕਿਸੇ ਬੋਲੀ ਜਾਂ ਭਾਸ਼ਾ ਨੂੰ ਸ਼ੁਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਜਿਨ੍ਹਾਂ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨਿਯਮਾਵਲੀ ਨੂੰ ਵਿਆਕਰਨ ਕਿਹਾ ਜਾਂਦਾ ਹੈ।

**ਵਿਆਰਕਨ ਦੇ ਮੁੱਖ ਤੌਰ 'ਤੇ ਚਾਰ ਭਾਗ ਹਨ:**

1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ
2. ਸ਼ਬਦ-ਬੋਧ
3. ਅਰਥ-ਬੋਧ
4. ਵਾਕ-ਬੋਧ

**1. ਧੁਨੀ-ਬੋਧ, ਅੱਖਰ-ਬੋਧ ਜਾਂ ਵਰਨ-ਬੋਧ**

ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਧੁਨੀ ਹੈ। ਪੰਜਾਬੀ ਭਾਸ਼ਾ ਬੋਲਣ ਵੇਲੇ ਮੂੰਹ ਵਿੱਚੋਂ ਜਿਹੜੀਆਂ ਆਵਾਜ਼ਾਂ ਨਿਕਲਦੀਆਂ ਹਨ, ਉਹ ਪੰਜਾਬੀ ਦੀਆਂ ਧੁਨੀਆਂ ਹਨ।

**2. ਸ਼ਬਦ-ਬੋਧ**

ਧੁਨੀਆਂ ਜਾਂ ਵਰਨਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ। ਧੁਨੀ ਦਾ ਲਿਖਤੀ ਚਿੰਨ੍ਹ ਅੱਖਰ ਹੁੰਦਾ ਹੈ। ਉਹ ਬੋਧ ਜਿਸ ਰਾਹੀਂ ਅੱਖਰਾਂ ਦੀ ਸਹੀ ਵਰਤੋਂ ਦਾ ਪਤਾ ਲੱਗੇ ਉਸ ਨੂੰ ਸ਼ਬਦ-ਬੋਧ ਕਿਹਾ ਜਾਂਦਾ ਹੈ।

**3. ਅਰਥ-ਬੋਧ**

ਅਰਥ-ਬੋਧ ਤੋਂ ਭਾਵ ਹੈ ਅਰਥਾਂ ਦੇ ਪੱਖ ਤੋਂ ਸ਼ਬਦ ਦੀ ਵਿਆਖਿਆ। ਇਸ ਵਿੱਚ ਬਹੁਅਰਥਕ ਸ਼ਬਦ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਅਤੇ ਵਿਰੋਧਾਰਥਕ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**4. ਵਾਕ-ਬੋਧ**

ਵਿਆਰਕਨ ਦੇ ਇਸ ਭਾਗ ਵਿੱਚ ਵਾਕ-ਰਚਨਾ ਦੇ ਨਿਯਮਾਂ ਬਾਰੇ ਅਤੇ ਵਾਕਾਂ ਸੰਬੰਧੀ ਵਿਚਾਰ ਕੀਤੀ ਜਾਂਦੀ ਹੈ।

# ਲਿੱਪੀ

ਭਾਸ਼ਾ ਜਾਂ ਬੋਲੀ ਨੂੰ ਲਿਖਤੀ ਰੂਪ ਵਿੱਚ ਪ੍ਰਗਟ ਕਰਨ ਲਈ ਜਿਹੜੇ ਅੱਖਰਾਂ ਅਤੇ ਚਿਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਹਨਾਂ ਦੇ ਸਮੂਹ ਨੂੰ ਲਿੱਪੀ ਕਹਿੰਦੇ ਹਨ।

- ਪੰਜਾਬੀ ਭਾਸ਼ਾ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ।
- ਹਿੰਦੀ ਭਾਸ਼ਾ ਦੀ ਲਿੱਪੀ ਦੇਵਨਾਗਰੀ ਅਤੇ ਅੰਗਰੇਜ਼ੀ ਭਾਸ਼ਾ ਦੀ ਲਿੱਪੀ ਰੋਮਨ ਹੈ।

# ਗੁਰਮੁਖੀ ਵਰਨਮਾਲਾ

| | | | | | | |
|---|---|---|---|---|---|---|
| ਮੁਖ ਵਰਗ | ੳ | ਅ | ੲ | ਸ | ਹ | |
| ਕ ਵਰਗ | ਕ | ਖ | ਗ | ਘ | ਙ | |
| ਚ ਵਰਗ | ਚ | ਛ | ਜ | ਝ | ਞ | |
| ਟ ਵਰਗ | ਟ | ਠ | ਡ | ਢ | ਣ | |
| ਤ ਵਰਗ | ਤ | ਥ | ਦ | ਧ | ਨ | |
| ਪ ਵਰਗ | ਪ | ਫ | ਬ | ਭ | ਮ | |
| ਯ ਵਰਗ | ਯ | ਰ | ਲ | ਵ | ੜ | |
| ਨਵੀਨ ਟੋਲੀ | ਸ਼ | ਖ਼ | ਗ਼ | ਜ਼ | ਫ਼ | ਲ਼ |

**ਗੁਰਮੁਖੀ ਅੱਖਰ** ਜਦੋਂ ਨਿਸ਼ਿਚਤ ਤਰਤੀਬ ਵਿੱਚ ਰੱਖੇ ਜਾਂਦੇ ਹਨ ਤਾਂ ਉਸ ਨੂੰ **ਗੁਰਮੁਖੀ ਵਰਨਮਾਲਾ** ਕਿਹਾ ਜਾਂਦਾ ਹੈ। ਗੁਰਮੁਖੀ ਲਿੱਪੀ ਦੇ ਪਹਿਲਾਂ 35 ਅੱਖਰ ਸਨ। ਇਸੇ ਕਰਕੇ ਇਸ ਨੂੰ 'ਪੈਂਤੀ ਅੱਖਰੀ' ਵੀ ਕਿਹਾ ਜਾਂਦਾ ਸੀ। ਅਰਬੀ ਅਤੇ ਫ਼ਾਰਸੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰਾਂ ਸ ਖ ਗ ਜ ਫ ਦੇ ਪੈਰਾਂ ਵਿੱਚ ਬਿੰਦੀ ਦੀ ਵਰਤੋਂ ਕਰਕੇ ਸ਼ ਖ਼ ਗ਼ ਜ਼ ਫ਼ ਅੱਖਰ ਬਣਾ ਲਏ ਗਏ। ਇਸ ਪ੍ਰਕਾਰ ਗੁਰਮੁਖੀ ਵਰਨ-ਮਾਲਾ ਵਿੱਚ ਅੱਖਰਾਂ ਦੀ ਗਿਣਤੀ 40 ਹੋ ਗਈ। ਉਸਤੋਂ ਬਾਅਦ ਲ ਅੱਖਰ ਦੇ ਪੈਰ ਵਿੱਚ ਬਿੰਦੀ ਲਾ ਕੇ ਲ਼ ਅੱਖਰ ਬਣਾ ਲਿਆ ਗਿਆ। ਇਸ ਤਰਾਂ ਪੰਜਾਬੀ ਵਰਨਮਾਲਾ ਦੀ ਗਿਣਤੀ 41 ਹੋ ਗਈ ਹੈ।

## ਦੁੱਤ ਅੱਖਰ

ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਉਸ ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਅਖਰ ਮਿਲ ਕੇ ਇੱਕ ਆਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ ਕੇਵਲ ਤਿੰਨ ਅੱਖਰਾਂ ਦੀ ਵਰਤੋਂ ਅੱਖਰ ਦੇ ਪੈਰ ਵਿੱਚ ਕੀਤੀ ਜਾਂਦੀ ਹੈ। ਉਹ ਹਨ:

ਹ ਰ ਵ

ਹ – ਪੜ੍ਹਾਈ, ਜੜ੍ਹ, ਉਨ੍ਹਾਂ

ਰ – ਪ੍ਰਗਟ, ਪ੍ਰਸ਼ਨ, ਪ੍ਰਾਰਥਨਾ, ਪ੍ਰੋਫ਼ੈਸਰ

ਵ – ਸ੍ਵੈਜੀਵਨੀ, ਸ੍ਵੈਮਾਣ, ਸ੍ਵੈਵਿਸ਼ਵਾਸ

## ਲਗਾਂ

**ਲਗਾਂ** ਧੁਨੀਆਂ ਨੂੰ ਅੰਕਿਤ ਕਰਨ ਵਾਲੇ ਲਿੱਪੀ- ਚਿੰਨ੍ਹ ਹਨ। ਅੱਖਰਾਂ ਬਿਨਾਂ ਲਗਾਂ ਦਾ ਕੋਈ ਮਹੱਤਵ ਨਹੀਂ ਹੈ। ਗੁਰਮੁਖੀ ਲਿੱਪੀ ਦੀਆਂ **ਦਸ** ਲਗਾਂ ਹਨ:


| ਕ੍ਰਮ ਨੰ. | ਨਾਂ | ਚਿੰਨ੍ਹ | | ਉਦਾਹਰਨ |
|---|---|---|---|---|
| 1 | ਮੁਕਤਾ | ਕੋਈ ਚਿੰਨ੍ਹ ਨਹੀਂ | ਸ | ਸਰਦ, ਸਬਰ, ਸਤਰ |
| 2 | ਕੰਨਾ | | ਸਾ | ਸਾਲ, ਸਾਬ, ਸਾਫ਼ |
| 3 | ਸਿਹਾਰੀ | | ਸਿ | ਸਿਰ, ਸਿੱਕਾ, ਸਿੱਟਾ |
| 4 | ਬਿਹਾਰੀ | | ਸੀ | ਸੀਮਾ, ਸੀਲ, ਸੀਸ |
| 5 | ਔਂਕੜ | | ਸੁ | ਹੁਣ, ਸੁਣ, ਸੁਰ |
| 6 | ਦੁਲੈਂਕੜ | | ਸੂ | ਸੂਰਮਾ, ਸੂਤ, ਸੂਚੀ |
| 7 | ਲਾਂ | | ਸੇ | ਕੇਲਾ, ਸੇਕ, ਸ਼ੇਰ |
| 8 | ਦੁਲਾਵਾਂ | | ਸੈ | ਸੈਰ, ਸੈਨਾ, ਸੈਨਤ |
| 9 | ਹੋੜਾ | | ਸੋ | ਸੋਹਣਾ, ਸੋਚ, ਸੋਨਾ |
| 10 | ਕਨੌੜਾ | | ਸੌ | ਸੌ, ਸੌਖਾ, ਸੌੜਾ |

## ਲਗਾਖਰ

ਲਗਾਂ ਦਾ ਸੰਬੰਧ ਅੱਖਰਾਂ ਨਾਲ ਹੁੰਦਾ ਹੈ। ਲਗਾਖਰ ਉਹ ਚਿੰਨ੍ਹ ਹਨ, ਜਿਹੜੇ ਲਗਾਂ ਦੇ ਨਾਲ ਵਰਤੇ ਜਾਂਦੇ ਹਨ। ਗੁਰਮੁਖੀ ਲਿੱਪੀ ਵਿੱਚ ਤਿੰਨ ਲਗਾਖਰ ਹਨ: ਬਿੰਦੀ, ਟਿੱਪੀ ਅਤੇ ਅੱਧਕ।

| ਕ੍ਰਮ ਨੰ: | ਲਗਾਖਰ ਦਾ ਨਾਂ | ਰੂਪ (ਚਿੰਨ੍ਹ) | ਉਦਾਹਰਨਾਂ |
|---|---|---|---|
| 1 | ਬਿੰਦੀ | ਂ | ਗੇਂਦ, ਗਾਂ, ਨੀਂਦ |
| 2 | ਟਿੱਪੀ | ੰ | ਸੰਘ,ਸੰਦ, ਚੰਦ |
| 3 | ਅੱਧਕ | ੱ | ਸੱਚ, ਪੱਤਾ, ਮੱਕੀ |

# ਧੁਨੀ-ਬੋਧ





**ਖੰਡੀ ਧੁਨੀਆਂ ਦੋ ਕਿਸਮ ਦੀਆਂ ਹਨ:**

1. ਸ੍ਵਰ
2. ਵਿਅੰਜਨ

**ਸ੍ਵਰ :-** ਸ੍ਵਰ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਕੋਈ ਰੁਕਾਵਟ ਨਹੀਂ ਪਾਉਂਦੇ। ਆਵਾਜ਼ ਮੂੰਹ ਵਿੱਚੋਂ ਬੇਰੋਕ ਬਾਹਰ ਨਿਕਲਦੀ ਹੈ। ੳ, ਅ, ੲ ਤਿੰਨ ਸ੍ਵਰ ਅੱਖਰ ਹਨ ਪਰ ਉਚਾਰਨ ਪੱਖੋਂ ਸ੍ਵਰ-ਧੁਨੀਆਂ ਦਸ ਹਨ। ਇਸ ਕਰਕੇ ਪੰਜਾਬੀ ਭਾਸ਼ਾ ਵਿਚ ਸ੍ਵਰਾਂ ਦੀ ਗਿਣਤੀ ਦਸ ਮੰਨੀ ਜਾਂਦੀ ਹੈ। ਇਹ ਸ੍ਵਰ ਧੁਨੀਆਂ ਹਨ:

**ਅ ਆ ਇ ਈ ਉ ਊ ਏ ਐ ਓ ਔ**

1. **ਸਾਹ ਦੀ ਮਾਤਰਾ ਦੇ ਅਧਾਰ ਤੇ ਸ੍ਵਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ-**
   ਲਘੁ ਸ੍ਵਰ – 3 – ਉ, ਅ, ਇ
   ਦੀਰਘ ਸ੍ਵਰ – 7 – ਆ, ਈ, ਊ, ਏ, ਐ, ਓ, ਔ
2. **ਜੀਭ ਅਤੇ ਬੁੱਲਾਂ ਦੇ ਅਧਾਰ ਤੇ ਸ੍ਵਰਾਂ ਨੂੰ ਹੇਠ ਦਿੱਤੇ ਢੰਗ ਨਾਲ ਵੰਡਿਆ ਜਾਂਦਾ ਹੈ-**




**ਵਿਅੰਜਨ :-** ਵਿਅੰਜਨ ਉਹ ਧੁਨੀਆਂ ਹਨ, ਜਿਨ੍ਹਾਂ ਨੂੰ ਬੋਲਣ ਸਮੇਂ ਉਚਾਰਨ ਅੰਗ ਥੋੜ੍ਹੀ-ਬਹੁਤ ਰੁਕਾਵਟ ਪਾਉਂਦੇ ਹਨ। ਇਹਨਾਂ ਨੂੰ ਬੋਲਣ ਸਮੇਂ ਜੀਭ ਕਦੇ ਤਾਲੂ ਨਾਲ ਅਤੇ ਕਦੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ ਅਤੇ ਕਈ ਵਾਰੀ ਬੁੱਲ੍ਹ ਥੋੜ੍ਹੀ ਦੇਰ ਲਈ ਮੀਟੇ ਜਾਂਦੇ ਹਨ। ਪੰਜਾਬੀ ਵਰਨਮਾਲਾ ਵਿੱਚ ਸ ਤੋਂ ਲ਼ ਤੱਕ 38 ਵਿਅੰਜਨ ਅੱਖਰ ਹਨ।

ਅਨੁਨਾਸਿਕੀ ਵਿਅੰਜਨ

ਅਨੁਨਾਸਿਕੀ ਵਿਅੰਜਨ ਉਹ ਧੁਨੀਆਂ ਹਨ ਜਿਨ੍ਹਾਂ ਦੇ ਉਚਾਰਨ ਸਮੇਂ ਆਵਾਜ਼ ਨੱਕ ਵਿੱਚੋਂ ਨਿਕਲਦੀ ਹੈ।

ਗੁਰਮੁਖੀ ਲਿੱਪੀ ਵਿੱਚ ਅਨੁਨਾਸਿਕੀ ਧੁਨੀਆਂ ਨੂੰ ਅੰਕਿਤ ਕਰਨ ਲਈ ਪੰਜ ਅੱਖਰ ਇਹ ਹਨ:

ਙ ਞ ਣ ਨ ਮ

**ਨੋਟ: ਅਜੋਕੀ ਪੰਜਾਬੀ ਭਾਸ਼ਾ  ਵਿੱਚ ਙ, ਞ, ਣ, ੜ ਅਤੇ ਲ਼ ਧੁਨੀਆਂ ਨਾਲ ਕੋਈ ਸ਼ਬਦ ਸ਼ੁਰੂ ਨਹੀਂ ਹੁੰਦਾ।**

**ਵਿਅੰਜਨ ਵਰਗੀਕਰਨ**

| | | ਉਚਾਰਨ ਸਥਾਨ | | | | | |
|---|---|---|---|---|---|---|---|
| ਡੱਕਵੇਂ | | ਕੰਠੀ | ਤਾਲਵੀ | ਉਲਟ ਜੀਭੀ | ਦੰਤੀ | ਹੋਠੀ | ਸੁਰਯੰਤਰੀ |
| | ਅਨਾਦੀ/ ਅਲਪ ਪ੍ਰਾਣ | ਕ | ਚ | ਟ | ਤ | ਪ | |
| | ਮਹਾਂਪ੍ਰਾਣ/ ਅਨਾਦੀ | ਖ | ਛ | ਠ | ਥ | ਫ | |
| | ਨਾਦੀ/ ਅਲਪ ਪ੍ਰਾਣ | ਗ | ਜ | ਡ | ਦ | ਬ | |
| ਉਚਾਰਨ ਵਿਧੀ | ਨਾਸਕੀ | (ਙ) | (ਞ) | ਣ | ਨ | ਮ | |
| | ਪਾਸੇਦਾਰ | | | ਲ਼ | ਲ | | |
| | ਕੰਬਵਾਂ | | | | ਰ | | |
| | ਫਟਕਵਾਂ | | | ੜ | | | |
| | ਖਹਿਵੇਂ | | ਸ਼ | | ਸ | | ਹ |
| | ਸਰਕਵੇਂ | | (ਯ) | | | (ਵ) | |

## ਸ਼ਬਦ-ਬੋਧ


ਧੁਨੀਆਂ, ਲਗਾਂ ਅਤੇ ਲਗਾਖਰਾਂ ਦੇ ਸੁਮੇਲ ਤੋਂ ਸ਼ਬਦ ਬਣਦਾ ਹੈ, ਜਿਵੇਂ: ਕ, ਲ ਅਤੇ ਮ ਦੇ ਮੇਲ ਤੋਂ ਕਲਮ ਬਣਦਾ ਹੈ। ਅੱਖਰਾਂ ਦੇ ਉਸ ਇਕੱਠ ਨੂੰ ਸ਼ਬਦ ਆਖਦੇ ਹਨ, ਜਿਸ ਰਾਹੀਂ ਕਿਸੇ ਮਨੁੱਖ, ਵਸਤੂ ਜਾਂ ਭਾਵ ਦਾ ਅਰਥ ਪ੍ਰਗਟ ਹੋਵੇ। ਅਰਥਾਂ ਦੇ ਪੱਧਰ 'ਤੇ ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ।

ਬਣਤਰ ਦੇ ਅਧਾਰ ਤੇ ਸ਼ਬਦ ਮੁੱਖ ਤੌਰ ਤੇ ਦੋ ਪ੍ਰਕਾਰ ਦੇ ਹੁੰਦੇ ਹਨ :

(1) ਮੂਲ ਸ਼ਬਦ

(2) ਰਚਿਤ ਸ਼ਬਦ।

**ਸ਼ਬਦ ਰਚਨਾ**




1. **ਮੂਲ ਸ਼ਬਦ** : ਮੂਲ ਸ਼ਬਦ ਉਹ ਹੈ ਜੋ ਆਪਣੇ-ਆਪ ਵਿੱਚ ਇੱਕ ਪੂਰਨ ਇਕਾਈ ਹੁੰਦਾ ਹੈ । ਇਸ ਸ਼ਬਦ ਨੂੰ ਅੱਗੇ ਤੋੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਦੀ ਬਣਤਰ ਵਿੱਚ ਕਿਸੇ ਸ਼ਬਦ ਜਾਂ ਸ਼ਬਦਾਂਸ਼ ਦਾ ਮੇਲ ਹੋਇਆ ਮਿਲਦਾ ਹੈ। ਉਦਾਹਰਨ ਲਈ ਹੇਠਾਂ ਦਿੱਤੇ ਸ਼ਬਦ ਮੂਲ ਸ਼ਬਦ ਹਨ: **ਕਰ, ਪੜ, ਰੇਤ, ਬਾਗ਼, ਜਾ, ਤੂੰ** ।

2. **ਰਚਿਤ ਸ਼ਬਦ** : ਰਚਿਤ ਸ਼ਬਦ ਉਹ ਹੈ ਜਿਹੜਾ ਮੂਲ ਸ਼ਬਦ ਤੋਂ ਵੱਖ ਵੱਖ ਢੰਗਾਂ ਨਾਲ ਰਚਿਆ ਜਾਂਦਾ ਹੈ | ਕਿਸੇ ਵੀ ਭਾਸ਼ਾ ਦੀ ਬਹੁਤੀ ਸ਼ਬਦਾਵਲੀ ਅਜਿਹੇ ਸ਼ਬਦਾਂ ਦੀ ਹੁੰਦੀ ਹੈ। ਰਚਿਤ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ-

**ਸਮਾਸੀ ਸ਼ਬਦ ਅਤੇ ਉਤਪੰਨ ਸ਼ਬਦ**

(i) **ਸਮਾਸੀ ਸ਼ਬਦ**- ਸਮਾਸ ਦਾ ਅਰਥ ਹੈ ਜੋੜਨਾ। ਜਦੋਂ ਦੋ ਜਾਂ ਤਿੰਨ ਸ਼ਬਦਾਂ ਨੂੰ ਜੋੜ ਕੇ ਉਹਨਾਂ ਦਾ ਸੰਖੇਪ ਰੂਪ ਇਸ ਪ੍ਰਕਾਰ ਬਣਾਇਆ ਜਾਵੇ ਕਿ ਉਹ ਇੱਕ ਨਵਾਂ ਅਰਥ ਦੇਣ ਵਾਲਾ ਵੱਖਰਾ ਸ਼ਬਦ ਬਣ ਜਾਵੇ ਤਾਂ ਉਸ ਨੂੰ ਸਮਾਸੀ ਸ਼ਬਦ ਕਹਿੰਦੇ ਹਨ, ਜਿਵੇਂ : ਸੱਜਰੀ ਵਿਆਹੀ ਹੋਈ= ਸੱਜ-ਵਿਆਹੀ, ਹੱਥ ਨੂੰ ਲੱਗਣ ਵਾਲੀ ਕੜੀ= ਹਥਕੜੀ, ਲੋਕਾਂ ਦਾ ਰਾਜ= ਲੋਕ-ਰਾਜ

**ਸਮਾਸ-ਵਿਧੀ ਨਾਲ ਸ਼ਬਦ ਬਣਾਉਣ ਬਾਰੇ ਕੁਝ ਨੁਕਤੇ ਇਸ ਪ੍ਰਕਾਰ ਹਨ :**

1. ਪੰਜਾਬੀ ਵਿੱਚ ਆਮ ਤੌਰ 'ਤੇ ਸਮਾਸ ਦੋ ਸ਼ਬਦਾਂ ਨੂੰ ਮਿਲਾ ਕੇ ਬਣਦਾ ਹੈ। ਕਦੀ-ਕਦਾਈਂ ਇਹ ਤਿੰਨ ਸ਼ਬਦਾਂ ਦਾ ਵੀ ਹੁੰਦਾ ਹੈ, ਜਿਵੇਂ : ਹਰਮਨ-ਪਿਆਰਾ
2. ਸਮਾਸ-ਵਿਧੀ ਰਾਹੀਂ ਸ਼ਬਦ ਬਣਾਉਣ ਸਮੇਂ ਯੋਜਕ, ਸਬੰਧਕ ਆਦਿ ਸ਼ਬਦ ਛੱਡ ਦਿੱਤੇ ਜਾਂਦੇ ਹਨ, ਜਿਵੇਂ
   ਰਾਸ਼ਟਰ ਦਾ ਪਤੀ = ਰਾਸ਼ਟਰਪਤੀ
   ਆਪ ਨਾਲ ਬੀਤੀ = ਆਪਬੀਤੀ

(ii) **ਉਤਪੰਨ ਸ਼ਬਦ-** ਜਿਹੜਾ ਸ਼ਬਦ ਕਿਸੇ ਮੂਲ ਸ਼ਬਦ ਦੇ ਨਾਲ ਅਗੇਤਰ ਲਾ ਕੇ ਜਾਂ ਪਿਛੇਤਰ ਲਾ ਕੇ ਬਣਾਇਆ ਜਾਵੇ, ਉਸਨੂੰ ਉਤਪੰਨ ਸ਼ਬਦ ਆਖਦੇ ਹਨ। ਮੂਲ ਸ਼ਬਦ ਦੇ ਅੱਗੇ ਲੱਗਣ ਵਾਲੇ ਭਾਵੰਸ਼/ਸ਼ਬਦਾਂਸ਼ ਅਗੇਤਰ ਅਤੇ ਪਿੱਛੇ ਲੱਗਣ ਵਾਲੇ ਪਿਛੇਤਰ ਹੁੰਦੇ ਹਨ। ਅਗੇਤਰ ਪਿਛੇਤਰ ਉਤਪੰਨ ਸ਼ਬਦ ਦਾ ਹਿੱਸਾ ਹੁੰਦੇ ਹਨ ਜੋ ਖੁਦ ਸੁਤੰਤਰ ਤੌਰ ਤੇ ਨਹੀਂ ਵਿਚਰ ਸਕਦੇ, ਮੂਲ ਸ਼ਬਦ ਨਾਲ ਮਿਲਕੇ ਹੀ ਅਰਥ ਗ੍ਰਹਿਣ ਕਰਦੇ ਹਨ।

**ਅਗੇਤਰ-ਪਿਛੇਤਰ**

**ਅਗੇਤਰ**

1. **ਉਪ (ਛੋਟਾ):** ਉਪਨਾਮ, ਉਪ-ਨਿਯਮ, ਉਪ-ਭਾਗ, ਉਪ-ਮੰਤਰੀ, ਉਪ-ਵਾਕ।
2. **ਉਨ** : ਉਨਤਾਲੀ, ਉਨਾਹਟ, ਉਨਾਸੀ, ਉਨੰਜਾ।
3. **ਅ** : ਅਸਹਿ, ਅਕੱਥ, ਅਕਿਹ, ਅਸਮਰਥ, ਅਸਫ਼ਲ, ਅਨਾਥ।
4. **ਅਣ** : ਅਣ-ਸੁਣਿਆ, ਅਣਹੋਂਦ, ਅਣਗਿਣਤ, ਅਣਜਾਣ।
5. **ਅਪ** : ਅਪਸ਼ਰਨ, ਅਪਸ਼ਬਦ, ਅਪਕੀਰਤ, ਅਪਮਾਨ।
6. **ਸੁ** : ਸੁਸ਼ੀਲ, ਸੁਗੰਧ, ਸੁਭਾਗਾ, ਸੁਲੱਖਣਾ, ਸੁਰੱਖਿਆ।
7. **ਸਮ** : ਸਮਕਾਲੀਨ, ਸਮਲਿੰਗੀ, ਸਮਤਲ, ਸਮਵਾਦੀ।
8. **ਕ** : ਕਰੂਪ, ਕਪੁੱਤਰ।
9. **ਕੁ** : ਕੁਕਰਮ, ਕੁਸੰਗ, ਕੁਰੀਤੀ, ਕੁਰੂਪ, ਕੁਲੱਛਣ।
10. **ਖ਼ੁਸ਼** : ਖ਼ੁਸ਼ਕਿਸਮਤ, ਖ਼ੁਸ਼ਖਬਰੀ , ਖ਼ਸ਼ਦਿਲ, ਖ਼ੁਸ਼ਨਸੀਬ।
11. **ਦੁਰ** : ਦੁਰਗੰਧ, ਦੁਰਘਟਨਾ, ਦੁਰਾਚਾਰੀ, ਦੁਰਸ਼ਨ।
12. **ਨਿ** : ਨਿਸੰਗ, ਨਿਕੰਮਾ, ਨਿਗੁਣਾ,
13. **ਨਿਸ਼** : ਨਿਸ਼ਕਾਮ, ਨਿਸ਼ਕਪਟ, ਨਿਸ਼ਚਿੰਤ, ਨਿਸ਼ਫ਼ਲ,
14. **ਨਿਰ** : ਨਿਰਸੰਦੇਹ, ਨਿਰਗੁਣ, ਨਿਰਫਲ, ਨਿਰਦੋਸ਼, ਨਿਰਦਈ।
15. **ਪਰ** : ਪਰਉਪਕਾਰ, ਪਰ-ਅਧੀਨ, ਪਰਦੇਸ਼, ਪਰ-ਨਾਰੀ, ਪਰ-ਤੰਤਰ, ਪਰਲੋਕ।
16. **ਬਦ** : ਬਦ-ਅਸੀਸ, ਬਦ-ਸ਼ਕਲ, ਬਦਸੂਰਤ, ਬਦਕਾਰ, ਬਦਨਾਮ, ਬਦਬੋ।
17. **ਮਹਾਂ** : ਮਹਾਂ-ਸਾਗਰ, ਮਹਾਂ-ਦੀਪ, ਮਹਾਂ-ਪਰਸ਼ਾਦ, ਮਹਾਂ-ਬਲੀ, ਮਹਾਂ-ਯੁੱਧ।

**ਪਿਛੇਤਰ**

1. ਆਰ : ਚਮਤਕਾਰ, ਦਾਤਾਰ, ਲੁਹਾਰ।
2. ਈ : ਕਮਾਈ, ਚੌੜਾਈ, ਬਿਜਾਈ, ਉਚਾਈ।
3. ਹਾਰ : ਸਿਰਜਣਹਾਰ, ਹੋਣਹਾਰ, ਪਾਲਣਹਾਰ।
4. ਹੀਣ : ਬਲਹੀਣ, ਮੱਤਹੀਣ, ਰੂਪਹੀਣ।
5. ਖ਼ੋਰ : ਚੁਗ਼ਲਖ਼ੋਰ, ਅਰਾਮਖ਼ੋਰ, ਰਿਸ਼ਵਤਖ਼ੋਰ।
6. ਣ,ਨ : ਗੁਆਂਢਣ, ਜਮਾਦਾਰਨ, ਪੰਜਾਬਣ, ਪੁਜਾਰਨ।
7. ਪਣ : ਵੇਲਾਪਣ, ਵੱਡਪਣ, ਬਾਲਪਣ।
8. ਪਨ : ਬਚਪਨ, ਪਾਗਲਪਨ।
9. ਬਾਜ਼ : ਚਾਲਬਾਜ਼, ਜੂਏਬਾਜ਼, ਪੱਤੇਬਾਜ਼।
10. ਬਾਨ : ਮਿਹਰਬਾਨ, ਬਾਗ਼ਬਾਨ।

## ਅਗੇਤਰ & ਪਿਛੇਤਰ (MCQ - Multiple Choice questions)

1. **ਨਿਸ਼ਕਪਟ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਨਿਸ (b) ਨਿਸ਼ (c) ਨਿ (d) ਨਿਸ਼ਕ
2. **ਪੜਦਾਦਾ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਪੜ੍ਹ (b) ਪੜ (c) ਪੜਦ (d) ਪੜਦਾ
3. **ਬਾਅਸੂਲ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਬਾ (b) ਬਾਅਸ (c) ਬਾਅ (d) ਬਾਓ
4. **ਮਨਮੁਖ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?**
   (a) ਮਣ (b) ਮ (c) ਮਨ (d) ਇਨ੍ਹਾਂ ਵਿੱਚੋਂ ਕੋਈ ਨਹੀਂ
5. **ਅਪਸ਼ਬਦ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਅ (b) ਅਪਸ਼ (c) ਅਪ (d) ਇਨ੍ਹਾਂ ਵਿੱਚੋਂ ਕੋਈ ਨਹੀਂ
6. **ਉਪਨਾਮ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਉੱਪ (b) ਉਪ (c) ਉੱ (d) ਇਨ੍ਹਾਂ ਵਿੱਚੋਂ ਕੋਈ ਨਹੀਂ
7. **ਸ਼ਾਹਕਾਰ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਸਾਹ (b) ਸ਼ਾਹ (c) ਸ (d) ਸਾ
8. **ਪਰਉਪਕਾਰ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਪ (b) ਪਰ (c) ਪਰਉ (d) ਇਨ੍ਹਾਂ ਵਿੱਚੋਂ ਕੋਈ ਨਹੀਂ
9. **ਬਦਸੂਰਤ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਬਦਸ (b) ਬਦ (c) ਬਦਬੂ (d) ਇਨ੍ਹਾਂ ਵਿੱਚੋਂ ਕੋਈ ਨਹੀਂ
10. **ਲਾਪਰਵਾਹ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?**
   (a) ਪਰ (b) ਲਾਪਰਵ (c) ਲਾ (d) ਲਾਪ
11. **ਅਨਾਥ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਅੱਨ (b) ਅ (c) ਅਨਾ (d) ਅਨ
12. **ਕਲਮੂੰਹ ਵਿੱਚ ਕਿਹੜੀ ਅਗੇਤਰ ਵਰਤਿਆ ਗਿਆ ਹੈ?**
   (a) ਕਲਮ (b) ਕਲ (c) ਕ (d) ਇਨ੍ਹਾਂ ਵਿੱਚੋਂ ਕੋਈ ਨਹੀਂ
13. **ਨਿਰਮੂਲ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?**
   (a) ਨਿਰਮਾ (b) ਨਿ (c) ਨਿਰਮੂ (d) ਨਿਰ

14. ਕਾਰਖਾਨਾ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਖਾਨਾ (b) ਕਾਰ (c) ਨਾ (d) ਇਨ੍ਹਾਂ ਵਿੱਚੋਂ ਕੋਈ ਨਹੀਂ

15. ਬੇਅੰਤ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਬੇਅ (b) ਬੇਈ (c) ਬੇ (d) ਬੇਅ

16. ਮਹਾਤਮਾ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਮਹਾਨ (b) ਮ (c) ਮਹ (d) ਮਹਾ

17. ਮਹਾਂਸਾਗਰ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਮਹਾਨ (b) ਮ (c) ਮਹ (d) ਮਹਾਂ

18. ਵਿਪਰੀਤ ਵਿੱਚ ਕਿਸ ਅਗੇਤਰ ਦੀ ਵਰਤੋਂ ਕੀਤੀ ਗਈ ਹੈ?

(a) ਵਿ (b) ਵਿਪਰ (c) ਵਿਪਰ (d) ਇਨ੍ਹਾਂ ਵਿੱਚੋਂ ਕੋਈ ਨਹੀਂ

19. ਅੱਧਵਾਟੇ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਆ (b) ਅੱਧ (c) ਅ (d) ਇਨ੍ਹਾਂ ਵਿੱਚੋਂ ਕੋਈ ਨਹੀਂ

20. ਉਪਰਾਮ ਵਿੱਚ ਕਿਹੜਾ ਅਗੇਤਰ ਵਰਤਿਆ ਗਿਆ ਹੈ?

(a) ਉ (b) ਉੱਪ (c) ਉਪ (d) ਉਪਰਾ

21. ਸਾਂਝੀਵਾਲ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਲ (b) ਵਾਲ (c) ਲ (d) ਇਹ ਸਾਰੇ

22. ਸ਼ਰਮੀਲਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਈਲਾ (b) ਈਲ੍ਹਾ (c) ਲਾ (d) ਮੀਲਾ

23. ਧੋਤੀਵਾਲਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਲਾ (b) ਲਾਅ (c) ਆਲਾ (d) ਵਾਲਾ

24. ਭਿਖਾਰੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਰੀ (b) ਰੀਅ (c) ਖਾਰੀ (d) ਰੀ

25. ਝਗੜਾਲੂ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਲੂ (b) ਆਲ (c) ੜਾਲੂ (d) ਅਲੂ

26. ਵਡਿਆਈ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ।

(a) ਆਈ (b) ਵੱਡ (c) ਵਡਿ (d) ਈ

27. ਉਸਰੱਈਆ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਈਆ (b) ਅਈਆ (c) ਆ (d) ਈਆ

28. ਕਮਾਊ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਊ (b) ਮਾਉ (c) ਉ (d) ਕ

29. ਸਾਲੇਹਾਰ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਆਰ (b) ਰ (c) ਯਾਰ (d) ਹਾਰ

30. ਲੋੜਵੰਦ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?

(a) ਦ (b) ਦਿ (c) ਵੰਦ (d) ਅੰਦ

**31. ਸੰਦੂਕੜੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ੜੀਅ (b) ੜੀ (c) ਖੜੀ (d) ਖੜੀ

**32. ਮਹਾਂਰਾਣੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਰਾਨੀ (b) ਆਣੀ (c) ਈ (d) ਰਾਣੀ

**33. ਮਲਵਈ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਅਈ (b) ਈ (c) ਲਵਈ (d) ਵਈ

**34. ਚੌਕੀਦਾਰ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਦਾਰ (b) ਆਰ (c) ਦੇ (d) ਇਹ ਸਾਰੇ

**35. ਰੰਘਰੇਟਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਏਟਾ (b) ਟਾਅ (c) ਟਾ (d) ਰੇਟਾ

**36. ਖ਼ਤਰਨਾਕ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਆਕ (b) ਨਾਕ (c) ਕ (d) ਇਨ੍ਹਾਂ ਵਿੱਚੋਂ ਕੋਈ ਨਹੀਂ

**37. ਗੁਣਕਾਰੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਕਾਰੀ (b) ਣਕਾਰੀ (c) ਗੁਣ (d) ਰੀ

**38. ਭਾਈਵਾਲ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਲ (b) ਵਾਲ (c) ਆਲ (d) ਇਨ੍ਹਾਂ ਵਿੱਚੋਂ ਕੋਈ ਨਹੀਂ

**39. ਅਗਾੜੀ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ੜੂੰ (b) ੜੀ (c) ਗਾੜੀ (d) ਆੜੀ

**40. ਬਿਰਹੜਾ ਵਿੱਚ ਕਿਹੜਾ ਪਿਛੇਤਰ ਵਰਤਿਆ ਗਿਆ ਹੈ?**

(a) ਗੜਾ (b) ਘ (c) ੜਾ (d) ਗੁੜ

## Answer Key

| | | | | | | | | | |
|---|---|---|---|---|---|---|---|---|---|
| 1.B | 2.B | 3.A | 4.C | 5.C | 6.B | 7.B | 8.B | 9.B | 10.C |
| 11.B | 12.B | 13.D | 14.B | 15.C | 16.D | 17.D | 18.A | 19.B | 20.C |
| 21.B | 22.A | 23.D | 24.A | 25.A | 26.A | 27.B | 28.A | 29.D | 30.C |
| 31.B | 32.D | 33.A | 34.A | 35.A | 36.B | 37.A | 38.B | 39.B | 40.C |

## ਵੱਖ-ਵੱਖ ਅਧਾਰਾਂ 'ਤੇ ਸ਼ਬਦ ਦੀਆਂ ਕਿਸਮਾਂ

**ਅਰਥ ਦੇ ਅਧਾਰ 'ਤੇ-**

**(i) ਸਾਰਥਕ ਸ਼ਬਦ :** ਸਾਰਥਕ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਦੇ ਆਪਣੇ ਕੋਈ ਨਿਸਚਿਤ ਭਾਵ ਅਥਵਾ ਅਰਥ ਹੁੰਦੇ ਹਨ। ਦੂਸਰੇ ਸ਼ਬਦਾਂ ਵਿੱਚ ਅਜਿਹੇ ਸ਼ਬਦਾਂ ਨੂੰ ਅਰਥ-ਭਰਪੂਰ ਸ਼ਬਦ ਵੀ ਕਿਹਾ ਜਾਂਦਾ ਹੈ ; ਜਿਵੇਂ : ਬਰਫ਼, ਮੇਜ਼, ਘੋੜਾ, ਕਾਂ, ਚਿੜੀ, ਸਕੂਲ, ਦੌੜ, ਰਾਮ, ਪਟਿਆਲਾ ਆਦਿ।

**(ii) ਨਿਰਾਰਥਕ ਸ਼ਬਦ:** ਜਿਨ੍ਹਾਂ ਸ਼ਬਦਾਂ ਦੇ ਕੋਈ ਵਿਸ਼ੇਸ਼ ਅਰਥ ਪ੍ਰਾਪਤ ਨਾ ਹੋਣ, ਉਨ੍ਹਾਂ ਨੂੰ ਨਿਰਾਰਥਕ ਸ਼ਬਦ ਕਿਹਾ ਜਾਂਦਾ ਹੈ, ਜਿਵੇਂ ਕੁਰਸੀ-ਕਰਸੀ, ਪਾਣੀ-ਧਾਣੀ, ਜੂਸ-ਜਾਸ ਆਦਿ। ਇਨ੍ਹਾਂ ਸ਼ਬਦਾਂ ਵਿਚ ਕੁਰਸੀ, ਧਾਣੀ ਅਤੇ ਜਾਸ ਨਿਰਾਰਥਕ ਹਨ। ਨਿਰਾਰਥਕ ਸ਼ਬਦ ਇਕੱਲੇ ਨਹੀਂ ਉਚਾਰੇ ਜਾਂਦੇ ਬਲਕਿ ਇਨ੍ਹਾਂ ਦੀ ਹੋਂਦ ਸਾਰਥਕ ਸ਼ਬਦਾਂ ਨਾਲ ਹੀ ਹੁੰਦੀ ਹੈ।

**ਵਰਤੋਂ ਦੇ ਅਧਾਰ 'ਤੇ-**

(i) **ਕੋਸ਼ਗਤ ਸ਼ਬਦ :** ਕੋਸ਼ਗਤ ਸ਼ਬਦਾਂ ਤੋਂ ਭਾਵ ਉਨ੍ਹਾਂ ਸ਼ਬਦਾਂ ਤੋਂ ਹੈ ਜਿਨ੍ਹਾਂ ਨੂੰ ਮੁਢਲੀ ਇਕਾਈ ਵਜੋਂ ਕੋਸ਼ ਵਿੱਚ ਦਰਜ ਕਰਨ ਲਈ ਵਰਤਿਆ ਜਾਂਦਾ ਹੈ, ਜਿਵੇਂ 'ਪਾਣੀ' ਕੋਸ਼ਗਤ ਸ਼ਬਦ ਹੈ ਜਿਸ ਵਿੱਚ ਇਸ ਦਾ ਅਰਥ ਇੱਕ ਪਦਾਰਥ ਹੈ।

(ii) **ਵਿਆਕਰਨਕ ਸ਼ਬਦ** : ਪੰਜਾਬੀ ਵਾਕਾਂ ਵਿੱਚ ਵਰਤੇ ਜਾਣ ਵਾਲੇ ਵੱਖ-ਵੱਖ ਸ਼ਬਦ ਰੂਪਾਂ ਨੂੰ ਵਿਆਕਰਨਕ ਸ਼ਬਦ ਕਿਹਾ ਜਾਂਦਾ ਹੈ; ਜਿਵੇਂ ਮੁੰਡਾ ਸ਼ਬਦ; ਨਾਂਵ, ਆਮ ਨਾਂਵ, ਇੱਕ ਵਚਨ, ਪੁਲਿੰਗ ਆਦਿ ਵੱਖ-ਵੱਖ ਰੂਪ ਵਿਆਕਰਨਕ ਦਰਜਾ ਰੱਖਦਾ ਹੈ।

**ਬਣਤਰ ਦੇ ਅਧਾਰ 'ਤੇ**

(i) **ਮੂਲ ਸ਼ਬਦ ਜਾਂ ਰੂੜ ਸ਼ਬਦ** : ਉਹ ਸ਼ਬਦ ਜਿਨ੍ਹਾਂ ਨੂੰ ਅੱਗੋਂ ਹੋਰ ਹਿੱਸਿਆਂ ਵਿਚ ਨਾ ਵੰਡਿਆ ਜਾ ਸਕੇ, ਉਨ੍ਹਾਂ ਨੂੰ ਮੂਲ ਸ਼ਬਦ/ਰੂੜ/ਧਾਤੂ ਸ਼ਬਦ ਕਿਹਾ ਜਾਂਦਾ ਹੈ। ਜਿਵੇਂ: ਘਰ, ਘੋੜਾ, ਕੁੜੀ, ਮੋਰ, ਸ਼ਹਿਰ ਆਦਿ ਮੂਲ ਸ਼ਬਦ ਹਨ।

(ii) **ਰਚਿਤ ਸ਼ਬਦ/ਯੋਗਿਕ ਸ਼ਬਦ :** ਉਹ ਸ਼ਬਦ ਜੋ ਦੋ ਜਾਂ ਦੋ ਤੋਂ ਵੱਧ ਸ਼ਬਦਾਂ ਜਾਂ ਭਾਵੰਸ਼ਾਂ ਦੀ ਮਦਦ ਨਾਲ ਰਚੇ ਜਾਣ ਉਨ੍ਹਾਂ ਨੂੰ ਰਚਿਤ ਸ਼ਬਦ ਆਖਦੇ ਹਨ ; ਜਿਵੇਂ ਮੀਂਹ-ਹਨੇਰੀ, ਦਿਨ-ਰਾਤ, ਰੇਲ-ਗੱਡੀ, ਕਪੁੱਤਰ-ਸਪੁੱਤਰ ਆਦਿ। ਰਚਿਤ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ :

**(ੳ) ਸਮਾਸੀ ਸ਼ਬਦ :** ਦੋ ਜਾਂ ਦੋ ਤੋਂ ਵੱਧ ਮੂਲ ਸ਼ਬਦਾਂ ਦੇ ਜੋੜ ਤੋਂ ਬਣਨ ਵਾਲੇ ਸ਼ਬਦ ਸਮਾਸੀ ਹੁੰਦੇ ਹਨ। ਜਿਵੇਂ ਮਨ-ਪਸੰਦ, ਜਿੱਤ-ਹਾਰ, ਹੁਣੇ-ਹੁਣੇ ਆਦਿ।

**(ਅ) ਉਤਪੰਨ ਸ਼ਬਦ :** ਉਹ ਸ਼ਬਦ ਜੋ ਮੂਲ ਸ਼ਬਦਾਂ ਦੇ ਅੱਗੇ ਜਾਂ ਪਿੱਛੇ ਵਧੇਤਰ ਜੋੜ ਕੇ ਬਣਾਏ ਜਾਣ ਉਨ੍ਹਾਂ ਨੂੰ ਉਤਪੰਨ ਸ਼ਬਦ ਆਖਦੇ ਹਨ। ਇਨ੍ਹਾਂ ਵਿਚ ਅਗੇਤਰ-ਪਿਛੇਤਰ ਸ਼ਬਦ ਆ ਜਾਂਦੇ ਹਨ। ਇਨ੍ਹਾਂ ਨਾਲ ਬਣੇ ਨਵੇਂ ਸ਼ਬਦਾਂ ਨੂੰ ਜੋੜਨੀ ਨਹੀਂ ਲਾਈ ਜਾਂਦੀ; ਜਿਵੇਂ ਉਪ ਮੰਤਰੀ, ਬੇਅਕਲ, ਸਮਝਦਾਰ, ਸਿਰਜਣਹਾਰ ਆਦਿ।

## ਹੋਰਾਂ ਭਾਸ਼ਾਵਾਂ ਤੋਂ ਗ੍ਰਹਿਣ ਕੀਤੇ ਜਾਣ ਵਾਲੇ ਸ਼ਬਦ-

(i) **ਤਤਸਮ ਸ਼ਬਦ :** ਉਹ ਸ਼ਬਦ ਜੋ ਦੂਜੀਆਂ ਭਾਸ਼ਾਵਾਂ ਤੋਂ ਜਿਉਂ ਦੇ ਤਿਉਂ ਹੀ ਪੰਜਾਬੀ ਵਿਚ ਸ਼ਾਮਲ ਕਰ ਲਏ ਜਾਣ; ਜਿਵੇਂ :

**ਸੰਸਕ੍ਰਿਤ ਤੋਂ** - ਗਿਆਨ, ਯਾਤਰਾ, ਸ਼ਕਤੀ, ਲਘੂ ਆਦਿ

**ਅੰਗਰੇਜ਼ੀ ਤੋਂ** - ਕਾਰ, ਸਕੂਲ, ਸਾਈਕਲ, ਰੇਲ, ਗਲਾਸ, ਕਾਪੀ, ਰੇਡੀਓ, ਹੋਟਲ ਆਦਿ

**ਅਰਬੀ-ਫ਼ਾਰਸੀ ਤੋਂ** - ਬਾਦਸ਼ਾਹ, ਵਕੀਲ, ਤੀਰ, ਕਮਾਨ, ਬੰਦੂਕ, ਚਾਕੂ, ਚਸ਼ਮਾ ਆਦਿ

**ਹਿੰਦੀ ਤੋਂ** - ਕਵੀ, ਪਤੀ, ਪੁੱਤਰ ਆਦਿ।

(ii) **ਤਦਭਵ ਸ਼ਬਦ :** ਉਹ ਸ਼ਬਦ ਜਿਹੜੇ ਦੂਜੀਆਂ ਭਾਸ਼ਾਵਾਂ ਤੋਂ ਲਏ ਤਾਂ ਗਏ ਹੋਣ ਪਰ ਪੰਜਾਬੀ ਵਿਚ ਉਨ੍ਹਾਂ ਦਾ ਰੂਪ ਬਦਲ ਗਿਆ ਹੋਵੇ; ਜਿਵੇਂ:

| ਸੰਸਕ੍ਰਿਤ | ਪੰਜਾਬੀ |
|---|---|
| ਧੁਨਿ | ਧੁਨੀ |
| ਦੀਪ | ਦੀਵਾ |
| ਲਕਸ਼ਮੀ | ਲੱਛਮੀ |
| ਕਵਿ | ਕਵੀ |
| ਯੰਤ੍ਰ | ਯੰਤਰ |

| ਅੰਗਰੇਜ਼ੀ | ਪੰਜਾਬੀ |
|---|---|
| ਲਾਰਡ | ਲਾਟ |
| ਟੋਮੈਟੋ | ਟਮਾਟਰ |
| ਸੈਲੇਡ | ਸਲਾਦ |
| ਸੈਲਿਊਟ | ਸਲੂਟ |
| ਆਫ਼ੀਸਰ | ਅਫ਼ਸਰ |

| ਹਿੰਦੀ | ਪੰਜਾਬੀ |
|---|---|
| ਵਿਜਯ | ਵਿਜੈ |
| ਉਪਾਯ | ਉਪਾ |
| ਸ਼ਿਕਸ਼ਾ | ਸਿੱਖਿਆ |
| ਨਵਮੀਂ | ਨੌਵੀਂ |
| ਅਭਯਾਨ | ਅਭਿਆਨ |

(iii) **ਦੇਸੀ ਸ਼ਬਦ :** ਆਪਣੇ ਦੇਸ਼ ਦੇ ਲੋਕ-ਜੀਵਨ ਵਿਚ ਬੋਲਚਾਲ ਦੇ ਉਹ ਸ਼ਬਦ ਜੋ ਮੂਲ ਆਪਣੀ ਸੰਸਕ੍ਰਿਤੀ ਦੇ ਹੋਣ: ਜਿਵੇਂ : ਇੱਟ, ਟਿੰਡ, ਦਾਤਰੀ, ਖੁਰਪਾ, ਕੱਦੂ, ਮੰਜੀ ਆਦਿ। ਅਜਿਹੇ ਸ਼ਬਦ ਕਿੱਤਿਆਂ, ਸੰਦਾਂ, ਖਾਣਪੀਣ ਆਦਿ ਨਾਲ ਸਬੰਧਤ ਹੁੰਦੇ ਹਨ।


**ਰੂਪ ਦੇ ਅਧਾਰ ਤੇ ਸ਼ਬਦ ਦੀ ਵੰਡ**

(i) **ਵਿਕਾਰੀ ਸ਼ਬਦ** : ਉਹ ਮੂਲ ਸ਼ਬਦ ਜਿਨ੍ਹਾਂ ਦੇ ਰੂਪ ਵਿਚ ਕੋਈ ਨਾ ਕੋਈ ਤਬਦੀਲੀ ਆ ਜਾਵੇ ਭਾਵ ਉਹ ਸ਼ਬਦ ' ਜੋ ਵਿਆਕਰਨਕ ਸ਼ਬਦਾਵਲੀ ਵਿਚ ਆਪਣਾ ਰੂਪ ਬਦਲ ਲੈਣ, ਉਹ ਵਿਕਾਰੀ ਸ਼ਬਦ ਹੁੰਦੇ ਹਨ; ਜਿਵੇਂ: 'ਕੁੜੀ' ਮੂਲ ਸ਼ਬਦ ਤੋਂ ਕੁੜੀਆਂ, ਕੁੜੀਓ ਆਦਿ।

(ii) **ਅਵਿਕਾਰੀ ਸ਼ਬਦ :** ਉਹ ਸ਼ਬਦ ਜਿਨ੍ਹਾ ਦੇ ਰੂਪ ਵਿਚ ਕਿਸੇ ਵੀ ਸਮੇਂ ਕਿਸੇ ਵੀ ਕਿਸਮ ਦੀ ਕੋਈ ਤਬਦੀਲੀ ਨਹੀਂ ਵਾਪਰਦੀ, ਭਾਵ ਇਨ੍ਹਾਂ ਦਾ ਰੂਪ ਉਹੋਂ ਹੀ ਰਹਿੰਦਾ ਹੈ । ਇਨ੍ਹਾਂ ਵਿਚ ਯੋਜਕ ਆਉਂਦੇ ਹਨ : ਜਿਵੇਂ ਨੇ, ਨੂੰ, ਕਿ , ਪਰ , ਤੋਂ, ਫਿਰ, ਹਾਂ, ਤੇ, ਅਤੇ, ਕਿਉਂਕਿ, ਸਗੋਂ ਇਸ ਲਈ ਆਦਿ।

# 2 CHAPTER राजभाषा हिन्दी - संवैधानिक विकास एवं प्रावधान

## भाषा के रूप




किसी भी राष्ट्र की अपनी एक विशिष्ट भाषा राष्ट्र भाषा कहलाती हैं। अथवा किसी भी राष्ट्र के अधिसंख्य लोगों के द्वारा स्वीकृत भाषा राष्ट्र भाषा कहलाती हैं।

किसी भी राष्ट्र के अथवा राज्य के राजकाज की भाषा राजभाषा कहलाती हैं।

**नोट :** भारत के संविधान की अष्टम अनुसूची मे दर्ज सभी 22 भाषाएँ भारत वर्ष की राजभाषाएँ हैं ।


किसी भी राष्ट्र के लोगों के द्वारा अपने विचारों का आदान-प्रदान करने के लिए प्रयुक्त भाषा सम्पर्क या व्यावहारिक भाषा कहलाती हैं।

- जिस भाषा में शासन का कामकाज सम्पादित होता है, उसे **राजभाषा** कहते हैं। अशोक के समय में **पालि राजभाषा** थी।
- राजस्थान में **ग्यारहवीं से पन्द्रहवीं शताब्दी** के मध्य पुरावलेखों से पता चलता है कि उस समय **हिन्दी मिश्रित संस्कृत राजभाषा** थी।
- **मुहम्मद गोरी से लेकर अकबर** तक **हिन्दी राजभाषा** थी। **अकबर** के शासनकाल में **मन्त्री टोडरमल** के आदेश से **फ़ारसी राजभाषा** घोषित की गई।
- **ईस्ट इण्डिया कम्पनी** ने **1833 ई.** तक **फ़ारसी को राजभाषा** बनाए रखा।
- ब्रिटिश शासन में **लॉर्ड मैकॉले** के प्रयास से **अंग्रेज़ी राजभाषा** के पद पर सुशोभित हुई।
- राष्ट्रीय चेतना के विकास के साथ ही **हिन्दी** को **राजभाषा और राष्ट्रभाषा** बनाने की जोरदार माँग उठी।
- पं. मदनमोहन मालवीय के सतत प्रयत्नों से वर्ष 1901 में संयुक्त प्रान्त की कचहरी की भाषा के रूप में हिन्दी को उर्दू के समान अधिकार मिला।
- मारतवर्ष के लिए हिन्दी भाषा का नाम सबसे पहले पं. मदनमोहन मालवीय ने सुझाया।

## भारत में हिन्दी भाषा की स्थिति

- भारत में हिन्दी भाषा उपर्युक्त तीनों पदों पर प्रतिष्ठित भाषा मानी जाती हैं।
- हिन्दी भाषा भारत की अपनी एक विशिष्ट भाषा है, जिसके कारण व्यावहारिक तौर पर हिन्दी भारत की राष्ट्रभाषा कहलाती हैं।

- हमारे संविधान में हिन्दी के लिए राष्ट्रभाषा शब्द का प्रयोग कहीं पर भी नहीं किया गया हैं।
- भारतीय संविधान के अनुच्छेद 343 के अनुसार हिन्दी भाषा को भारत की राजभाषा के रूप में स्वीकार किया गया हैं।
- भारत के अधिकतर लोग अपने विचारों का आदान-प्रदान करने के लिए हिन्दी भाषा का प्रयोग करते हैं, अतः हिन्दी भारत की सम्पर्क या व्यावहारिक भाषा भी मानी जाती हैं।




## हिन्दी को भारत की राजभाषा बनाये जाने का संक्षिप्त इतिहास

भारतीय संविधान सभा के समकक्ष भारत की राजभाषा का प्रश्न आने पर 14 सितम्बर, 1949 ई. को संविधान सभा के सदस्य श्री गोपाल स्वामी आयंगर के द्वारा हिन्दी को भारत की राजभाषा बनाये जाने का प्रस्ताव प्रस्तुत किया गया एवं उसी दिन संविधान सभा ने अपने पूर्ण बहुमत से (298/ 312), इस प्रस्ताव को पारित कर दिया एवं इसी दिन हिन्दी भाषा को, भारत की राजभाषा घोषित कर दिया गया।

## हिन्दी दिवस

14 सितम्बर, 1949 ई. को हिन्दी भाषा को भारत की राजभाषा घोषित किये जाने के कारण इस दिन को हिन्दी भाषा के लिए विशेष महत्व मानते हुए राष्ट्रीय भाषा प्रचार समिति वर्धा के प्रस्ताव पर भारत सरकार के द्वारा 1953 ई. में 14 सितम्बर के दिवस को हिन्दी दिवस के रूप में मनाये जाने की घोषणा कर दी गयी एवं पहला हिन्दी दिवस 14 सितम्बर, 1953 ई. को मनाया गया।

**यह भी जाने ?**

वर्तमान में जो हिन्दी शिक्षा, संचार, प्रशासन आदि में प्रयुक्त हो रही है, उसका मूल आधार खड़ी बोली है, जो पश्चिमी हिन्दी की एक बोली है तथा दिल्ली, मेरठ, बिजनौर, सहारनपुर की बोली है। यह शौरसेनी अपभ्रंश से विकसित हुई है।

## राजभाषा हिन्दी: संवैधानिक प्रावधान

- भारत के संविधान के 5वें, 6वें तथा 17वें, इन तीन भागों में राजभाषा सम्बन्धी प्रावधान है।
  - ✓ इनमें **भाग-5** के **अनुच्छेद 120** में संसद में प्रयुक्त होने वाली भाषा के संबंध मे निर्देश हैं ।
  - ✓ **भाग-6** के **अनुच्छेद 210** में 'राज्य के विधान मण्डलों में प्रयुक्त होनेवाली भाषा के सम्बन्ध में निर्देश है।
  - ✓ **17वें भाग** के **चार अध्यायों** में राजभाषा सम्बन्धी उपबंध प्रस्तुत किए गए हैं।

**17 वें भाग 4 अध्याय**

| | |
|---|---|
| इनमें **प्रथम अध्याय** में संघ की राजभाषा के रूप में 343 और 344 अनुच्छेद हैं। | **द्वितीय अध्याय** में 345, 346, 347 अनुच्छेदों में राजभाषा के रूप में प्रान्तीय भाषाओं के प्रयोग के सम्बन्ध में निर्देश दिए गए हैं। |
| **चौथे अध्याय** के अनुच्छेद 350 में अन्याय निवारण के लिए अभ्यावेदन में प्रयुक्त भाषा का निर्देश है जबकि 351 में हिन्दी भाषा के विकास के सम्बन्ध में विशेष निर्देश दिए गए हैं। | **तृतीय अध्याय** के अनुच्छेद 348, 349 में उच्च न्यायालय और सर्वोच्च न्यायालय की भाषा के सम्बन्ध में निर्देश किया गया है। |

**प्रमुख प्रावधान**

| अनुच्छेद | परिभाषा | विवरण |
|---|---|---|
| **अनुच्छेद 343** | संघ की राजभाषा | ➢ संघ की राजभाषा हिन्दी और लिपि देवनागरी होगी। संघ के शासकीय प्रयोजनों के लिए प्रयोग होने वाले अंकों का रूप भारतीय अंकों का अन्तर्राष्ट्रीय रूप होगा। |

| | | |
|---|---|---|
| **अनुच्छेद 344** | राजभाषा के संबंध मे आयोग और संसद की समिति | ➢ राजभाषा समिति एवं राजभाषा आयोग के गठन का प्रावधान।<br>➢ इस अनुच्छेद के तहत प्रत्येक नयी लोकसभा के गठन के बाद एक राजभाषा समिति का गठन होगा<br>➢ जिसमें निम्नानुसार 30 सदस्य शामिल किये जायेंगे -<br>✓ लोकसभा 20<br>✓ राज्यसभा 10<br>➢ इस अनु. के तहत भारत में अब तक केवल एक राजभाषा आयोग का गठन किया गया हैं।<br>✓ गठन - 07 जून, 1955 - अध्यक्ष श्री बालगंगाधर खैर (बी. जी. खैर)<br>✓ 1957 समिति अध्यक्ष - नी. बी. पंत<br>✓ विभिन्न राज्यों में इसके 20 सदस्य मनोनीत किये गये व आयोग ने अपनी 19 सिफारिशें प्रस्तुत की। |
| **अनुच्छेद 345** | राज्य की राजभाषा या राजभाषाएँ | ➢ राज्यों की राजभाषाओं का प्रावधान।<br>➢ इस अनु. में भारत के विविध राज्यों की राजभाषाओं का उल्लेख किया गया हैं।<br>➢ भारत के समस्त राज्यों/केन्द्र शासित राज्यों को तीन श्रेणियों में बाँटा गया हैं<br>**1. क श्रेणी**<br>✓ हिन्दी को राजभाषा स्वीकार करने वाले राज्य, केन्द्र शासित प्रदेश।<br>✓ इस श्रेणी में निम्न 10 राज्य शामिल किये गये है - राजस्थान, हरियाणा, उत्तरप्रदेश, उत्तराखण्ड, मध्यप्रदेश, छत्तीसगढ़, बिहार, झारखण्ड, हिमाचल प्रदेश,दिल्ली<br>**2. ख श्रेणी**<br>✓ हिन्दी को सहराजभाषा स्वीकार करने वाले राज्य/केन्द्र शासित प्रदेश।<br>✓ इस श्रेणी में निम्न चार राज्य शामिल किये गये हैं - पंजाब, चण्डीगढ़, गुजरात, महाराष्ट्र<br>**3. ग श्रेणी**<br>✓ अपनी स्थानीय भाषाओं को राजभाषा के रूप में स्वीकार करने वाले राज्य (केन्द्र शासित प्रदेश)<br>✓ इस श्रेणी में शेष सभी 22 राज्य शामिल किये गये हैं। |
| **भाग 17, अनुच्छेद 346** | एक राज्य और दूसरे राज्य के मध्य या किसी संघ के बीच पत्रादि की राजभाषा | ➢ भारत सरकार किसी राज्य के साथ अथवा एक राज्य अन्य राज्य के साथ पत्राचार करते समय किस भाषा का प्रयोग करेगा, इसका उल्लेख इस अनुच्छेद में लिखा हैं।<br>➢ भारत के सभी राज्यों को निम्नानुसार तीन श्रेणियों में बाँटा गया हैं -<br>✓ **श्रेणी क :** केवल हिन्दी में पत्राचार (10 राज्य 1 न. के)<br>✓ **श्रेणी ख :** हिन्दी, अंग्रेजी दोनों भाषाओं का प्रयोग (4 राज्य) चण्डीगढ़, महाराष्ट्र, पंजाब, गुजरात।<br>✓ **श्रेणी ग :** केवल अंग्रेजी में पत्राचार (22 राज्य) |
| **भाग 17, अनुच्छेद 347** | किसी राज्य की जनसंख्या के किसी भाग द्वारा बोली जाने वाली भाषा के संबंध मे विशेष उपबंध | ➢ भारत के किसी क्षेत्र विशेष के लोगों के द्वारा उनकी भाषा को मान्यता प्रदान करने की माँग करने पर भारत सरकार इस अनु. के तहत उस भाषा को मान्यता प्रदान करती हैं।<br>➢ इस अनु. के तहत मान्यता प्राप्त भाषाओं को **आठवीं अनुसूची** में स्थान दिया जाता हैं।<br>➢ आठवीं **अनुसूची** में अब तक निम्नानुसार 22 भाषाएँ शामिल की जा चुकी हैं।<br>✓ **संविधान लागू होने के समय शामिल भाषाएँ** -कश्मीरी, पंजाबी,गुजराती, मराठी,कन्नड़,मलयालम, तमिल, तेलगू, ओडिया,बांग्ला,असमिया,उर्दू,संस्कृत, 14. हिन्दी<br>✓ **21 वाँ संविधान संशोधन 1967** - सिंधी |

| | | |
|---|---|---|
| | | ✓ 71 वाँ संविधान संशोधन 1992 - मणिपुरी, कोंकणी, नेपाल<br>✓ 92 वाँ संविधान संशोधन 2003 - बोडो, डोगरी, मैथिली, संथाली |
| **भाग 17, अनुच्छेद 348** | उच्चतम न्यायालय, उच्च न्यायालयों आदि की भाषा | ➢ उच्चतम न्यायालय और उच्च न्यायलयों मे और अधिनियमोंम विधेयकों आदि के लिए प्रयुक्त की जाने वाली भाषा<br>➢ इस अनु. के अनुसार भारतीय संसद / विधान मण्डलों द्वारा बनाये गये अधिनियमों / अध्यादेशों / उच्चतम न्यायालय एवं उच्च न्यायालयों द्वारा जारी किये जाने वाले आदेशों में हिन्दी व अंग्रेजी दोनों भाषाओं का प्रयोग किया जायेगा। विरोधाभाव की स्थिति में अंग्रेजी अनुवाद मान्य होगा। |
| **भाग 17 अनुच्छेद 349** | भाषा से संबंधित कुछ विधियान अधिनियमित करने के लिए विशेष प्रक्रिया । | |
| **भाग 17 अनुच्छेद 350** | भाषायी अल्पसंख्यकों के लिए विशेष प्रावधान | |
| **भाग 17 अनुच्छेद 351** | हिन्दी भाषा के विकास के लिए आवश्यक दिशा निर्देश | |

## राजभाषा हिन्दी सम्बन्धी विभिन्न समितियाँ:

हिन्दी के विकास और प्रसार तथा सरकारी कामकाज मे हिन्दी के अधिकाधिक प्रयोग के सम्बन्ध मे विभिन्न समितियाँ गठित हैं ।

**1. केन्द्रीय हिन्दी समिति**

- ✓ केन्द्रीय हिन्दी समिति की स्थापना संविधान, राजभाषा अधिनियम, 1963, राजभाषा नियम, 1976 तथा सरकार द्वारा समय-समय पर जारी किए गए निदेशों एवं अनुदेशों के आधार पर की गई है। यह समिति भारत सरकार के विभिन्न मंत्रालयों और विभागों द्वारा हिन्दी के प्रचार-प्रसार तथा सरकारी कामकाज में हिन्दी के अधिकाधिक प्रयोग के लिए चलाए जा रहे कार्यक्रमों एवं कार्यों का समन्वय करती है।
- ✓ यह समिति राजभाषा नीति सम्बन्धी दिशा-निर्देश देने वाली सर्वोच्च समिति है। समिति द्वारा लिये गये निर्णय, भारत सरकार के निर्णय माने जाते हैं
- ✓ **अध्यक्षता -** प्रधानमंत्री जी समिति के **अध्यक्ष** ।
- ✓ **सदस्य**
  - प्रधानमंत्री
  - कुछ प्रमुख केन्द्रीय मंत्री
  - कुछ राज्यों के मुख्यमंत्री
  - संसद सदस्य
  - हिन्दी एवं अन्य भारतीय भाषाओं के विशिष्ट विद्वान
  - राजभाषा विभाग के सचिव एवं भारत सरकार के हिन्दी सलाहकार (सदस्य सचिव)
- ✓ **कार्यप्रणाली**
  - समिति की समय-समय पर बैठकें आयोजित की जाती हैं ।
  - इन बैठकों में हिन्दी के प्रचार-प्रसार तथा प्रयोग सम्बन्धी महत्वपूर्ण निर्णय लिए जाते हैं।

**2. हिन्दी सलाहकार समितियाँ**

- ✓ केन्द्रीय हिन्दी समिति की स्थापना संविधान, राजभाषा अधिनियम 1963, राजभाषा नियम 1976 तथा सरकार द्वारा समय-समय पर जारी किए गए निदेशों और अनुदेशों के आधार पर की गई है।
- ✓ **उद्देश्य :** इस समिति का मुख्य उद्देश्य हिन्दी के प्रचार-प्रसार को बढ़ावा देना, सरकारी कामकाज में हिन्दी के अधिकाधिक प्रयोग को प्रोत्साहित करना तथा विभिन्न मंत्रालयों और विभागों द्वारा कार्यान्वित कार्यक्रमों और कार्यों का समन्वय करना है।
- ✓ यह समिति राजभाषा नीति सम्बन्धी दिशा-निर्देश देने वाली सर्वोच्च समिति है।
- ✓ **अध्यक्षता :** प्रधानमंत्री जी अध्यक्ष।
- ✓ **सदस्य**
  - प्रधानमंत्री
  - कुछ प्रमुख केन्द्रीय मंत्री
  - कुछ राज्यों के मुख्यमंत्री
  - संसद सदस्य
  - हिन्दी एवं अन्य भारतीय भाषाओं के विद्वान
  - राजभाषा विभाग के सचिव एवं भारत सरकार के हिन्दी सलाहकार (सदस्य सचिव)

**3. संसदीय राजभाषा समिति**

- ✓ राजभाषा अधिनियम, 1963 की धारा के अंतर्गत संसदीय राजभाषा समिति का गठन किया गया है।
- ✓ इस समिति में 20 सदस्य लोकसभा से और 10 सदस्य राज्यसभा से होते हैं।
- ✓ इन सदस्यों का चुनाव एकल संक्रमणीय मत पद्धति द्वारा किया जाता है।
- ✓ समिति में 10-10 सदस्यों वाली 3 उपसमितियाँ बनाई गई हैं और प्रत्येक उपसमिति का एक समन्वयक होता है।
- ✓ यह समिति केन्द्र सरकार के अधीन आने वाले तथा सरकार द्वारा वित्त पोषित सभी संस्थानों का समय-समय पर निरीक्षण करती है और राष्ट्रपति को अपनी रिपोर्ट प्रस्तुत करती है।
- ✓ राष्ट्रपति इस रिपोर्ट को संसद के दोनों सदनों में प्रस्तुत करवाते हैं और साथ ही राज्य सरकारों को भी भेजते हैं।
- ✓ राजभाषा के क्षेत्र में यह समिति सर्वोच्च अधिकार प्राप्त समिति मानी जाती है।

**4. केन्द्रीय राजभाषा कार्यान्वयन समिति**

- ✓ राजभाषा विभाग के सचिव तथा भारत सरकार के हिन्दी सलाहकार की अध्यक्षता में सभी मंत्रालयों/विभागों की कार्यान्वयन समितियों में समन्वय का कार्य यह समिति करती है।
- ✓ विभिन्न समितियों के अध्यक्ष (संयुक्त सचिव पद के समान) तथा मंत्रालयों में राजभाषा का कार्य सम्पादन करने वाले निदेशक तथा उपसचिव इसके सदस्य होते हैं।
- ✓ यह समिति यथासंशोधित राजभाषा अधिनियमों के उपबंधों तथा सरकारी प्रयोजनों के लिए हिन्दी के प्रयोग और केन्द्रीय सरकारी कर्मचारियों के गृह मंत्रालय द्वारा समय-समय पर जारी किये गये अनुदेशों के कार्यान्वयन में हुई प्रगति का पुनरीक्षण करती है और उनके अनुपालन में आयी कठिनाइयों के निराकरण के उपायों पर विचार करती है।

## संविधान की आठवीं अनुसूची मे सम्मिलित भाषाएँ :

| क्रमांक | भाषा | प्रमुख क्षेत्र / राज्य |
|---|---|---|
| 1 | असमिया | असम |
| 2 | उड़िया (ओड़िया) | ओडिशा |
| 3 | उर्दू | जम्मू-कश्मीर, तेलंगाना, उत्तर प्रदेश, बिहार आदि |
| 4 | कन्नड़ | कर्नाटक |
| 5 | कश्मीरी | जम्मू-कश्मीर |
| 6 | गुजराती | गुजरात |
| 7 | तमिल | तमिलनाडु |
| 8 | तेलुगु | आंध्र प्रदेश, तेलंगाना |
| 9 | पंजाबी | पंजाब |
| 10 | बांग्ला | पश्चिम बंगाल, त्रिपुरा |
| 11 | मराठी | महाराष्ट्र |
| 12 | मलयालम | केरल |
| 13 | संस्कृत | सम्पूर्ण भारत (धार्मिक व शास्त्रीय भाषा) |
| 14 | सिंधी | सम्पूर्ण भारत (मुख्यतः राजस्थान, गुजरात, महाराष्ट्र) |
| 15 | हिन्दी | उत्तर भारत के अधिकांश राज्य |
| 16 | मणिपुरी (मैतेयी) | मणिपुर |
| 17 | नेपाली | सिक्किम, उत्तर बंगाल (दार्जिलिंग), असम |
| 18 | कोंकणी | गोवा, कर्नाटक, महाराष्ट्र |
| 19 | संथाली | झारखंड, ओडिशा, पश्चिम बंगाल, बिहार |
| 20 | बोडो | असम (विशेषकर बोडोलैंड क्षेत्र) |
| 21 | डोगरी | जम्मू क्षेत्र |
| 22 | मैथिली | बिहार, झारखंड |

## भारत में शास्त्रीय भाषा की स्थिति के मानदंड और निहितार्थ

- ➢ 2004 में, भारत सरकार ने "शास्त्रीय भाषाएँ" नामक भाषाओं की एक नई श्रेणी बनाने का निर्णय लिया। 2006 में, इसने शास्त्रीय भाषा का दर्जा देने के मानदंड निर्धारित किए।
- ➢ **मानदंड:**
  - ✓ इसके प्रारंभिक ग्रंथों/अभिलिखित इतिहास की प्राचीनता 1,500-2,000 वर्षों की अवधि की है।
  - ✓ प्राचीन साहित्य/ग्रंथों का संग्रह जिसे वक्ताओं की पीढ़ियों द्वारा एक मूल्यवान विरासत माना जाता है।
  - ✓ साहित्यिक परंपरा जो मौलिक हो और किसी अन्य भाषा समुदाय से उधार न ली गई हो।

- शास्त्रीय भाषा और साहित्य आधुनिक भाषा से भिन्न होने के कारण, शास्त्रीय भाषा और उसके बाद के रूपों या उसकी शाखाओं के बीच एक असातत्य भी हो सकता है।
- **लाभः** वित्तीय सहायता; प्रतिष्ठित विद्वानों के लिए दो प्रमुख पुरस्कार; विश्वविद्यालय अनुदान आयोग से अनुरोध किया जा सकता है कि वह (कम से कम केंद्रीय विश्वविद्यालय में) भाषा के प्रतिष्ठित विद्वानों के लिए एक निश्चित संख्या में व्यावसायिक पीठों का सृजन करे।
- **शास्त्रीय भाषा का दर्जा प्राप्त भाषाएँ**
  1. तमिल (2004)
  2. संस्कृत (2005)
  3. तेलुगु (2008)
  4. कन्नड़ (2008)
  5. मलयालम (2013)
  6. ओडिया (2014)

## उपभाषा :

- एक से अधिक बोलियाँ मिलकर उपभाषाओं का निर्माण करती हैं ।
- भारत की हिन्दी भाषा से सम्बन्धित 18 बोलियों को 5 उपभाषाओं में वर्गीकृत किया गया है ।

| उपभाषा | बोलियाँ | मुख्य क्षेत्र |
|---|---|---|
| राजस्थानी | मारवाड़ी (पश्चिमी राजस्थानी), जयपुरी/ढूँढाड़ी (पूर्वी राजस्थानी), मेवाती (उत्तरी राजस्थानी), मालवी (दक्षिण राजस्थानी) | राजस्थान |
| पश्चिमी हिन्दी | कौरवी (खड़ी बोली), बाँगरू (हरियाणवी), ब्रजभाषा, बुंदेली, कन्नौजी | हरियाणा, उत्तर प्रदेश |
| पूर्वी हिन्दी | अवधी, बघेली, छत्तीसगढ़ी | उत्तर प्रदेश, मध्य प्रदेश, छत्तीसगढ़ |
| बिहारी | भोजपुरी, मगही, मैथिली | बिहार, झारखंड, उत्तर प्रदेश |
| पहाड़ी | कुमाऊँनी, गढ़वाली, (मध्य/पश्चिम पहाड़ी) | उत्तराखंड, हिमाचल प्रदेश |

## देवनागरी लिपि

- भारत के संविधान के अनुच्छेद 343 (1) में लिखा है कि संघ की राजभाषा हिंदी और लिपि देवनागरी होगी। इस प्रकार **देवनागरी भारत की राजलिपि** है।
- **ऐतिहासिक पृष्ठभूमि**
  - ✓ देवनागरी लिपि का विकास ब्राह्मी लिपि से हुआ है। ब्राह्मी (500 ई.पू.) भारत की प्राचीन लिपि थी जो 7-8वीं शताब्दी तक प्रयोग में रही।
  - ✓ सम्राट् अशोक (272-232 ई.पू.) के समय में यह राष्ट्रीय लिपि थी।
  - ✓ अशोक ने अपनी राजाज्ञा अधिकांशतः ब्राह्मी लिपि में खुदवाई। ब्राह्मी के प्राचीनतम लेख पांचवी सदी ई.पू. के मिले हैं।
  - ✓ देवनागरी के प्राचीनतम लेख सातवीं सदी के मिलते हैं।
- **देवनागरी वर्णमाला**
  - ✓ क, ख, ग आदि अक्षर देवनागरी के हैं। इनकी संख्या 52 है। इसमें कुल 52 वर्ण है जिसमें से स्वर वर्ण 11 हैं तथा शेष 41 वर्ण व्यजन है। यथा-
    - स्वर अ, आ, इ, ई, उ, ऊ, ऋ, ए, ऐ, ओ, औ = 11
    - अनुस्वार - अं = 1
    - विसर्ग - अ: = 1
    - **व्यंजन**
      1. क, ख, ग, घ, ङ - कंठ्य
      2. च, छ, ज, झ, ञ - तालव्य
      3. ट, ठ, ड, ढ,ण - मूर्धन्य
      4. त, थ, द, ध, न - दंत्य
      5. प, फ, ब, भ, म - ओष्ठ्य
      6. य, र, ल, व - अंतस्थ - 4
      7. श, ष, स, ह - ऊष्म - 4
      8. क्ष, त्र, ज्ञ - संयुक्त व्यजन-4

> - क्ष, त्र, ज्ञ, श्र - सयुक्त व्यजन-4
> - ड़, द - उत्क्षिप्त अथवा द्विगुण व्यंजन
>
> सरकारी वर्णमाला में ड़. द. श्र को स्थान नहीं दिया गया है. अतः वहाँ कुल वर्णों की सख्या 52-3 = 49 ही मानी गयी है । देवनागरी वर्णमाला (सरकारी स्तर) में 11 स्वर हैं। देवनागरी वर्णमाला से 38 व्यंजन है।देवनागरी वर्णमाला में स्वर और व्यजन मिलाकर कुल 49 वर्ण है। 'श्र को सरकारी देवनागरी में स्थान प्राप्त नहीं है।

- देवनागरी के अंक हैं-1, 2, 3, 4, 5, 6, 7, 8, 9, 0 नेपाल में इन्हें राष्ट्रीय अंक माना गया है किन्तु भारत के संविधान में अंतर्राष्ट्रीय अंकों को ही मान्यता है जो 1, 2, 3, 4, 5, 6, 7, 8, 9, 0 के रूप में लिखे जाते हैं।

## महत्वपूर्ण बिन्दु :

- हिंदी भाषा समुदाय में सम्मिलित सभी 20 बोलियाँ देवनागरी लिपि में ही लिखी जाती हैं।
- भारत के संविधान की आठवीं अनुसूची में उल्लिखित 22 भाषाओं में मराठी, संस्कृत, सिंधी, हिंदी, नैपाली, कोंकणी, बोडो, कश्मीरी और डोगरी की लिपि देवनागरी ही है।
- अब तो उर्दू भी देवनागरी लिपि में लिखी जाने लगी है जो भारत में उर्दू की अपनी फारसी लिपि की तुलना में ज्यादा लोकप्रिय हो रहा है।
- नेपाल की राष्ट्रभाषा नेपाली की लिपि भी देवनागरी ही है।
- इसके अतिरिक्त गुजराती, गुरुमुखी, बांग्ला, असमिया, उड़िया, मैथिली, शारदा, लंडा भी देवनागरी से बिल्कुल मिलती-जुलती है।